# Coastcare

## Coastcare Victoria ਵਿਕਟੋਰੀਆ ਦੀ 2000 ਕਿਲੋਮੀਟਰ ਦੇ ਸਮੁੰਦਰੀ ਤੱਟ ਦੀ ਸੁਰੱਖਿਆ ਕਰਨ ਅਤੇ ਇਸਨੂੰ ਬਿਹਤਰ ਬਣਾਉਣ ਲਈ ਕੰਮ ਕਰਨ ਵਾਲੇ ਸੈਂਕੜੇ ਭਾਈਚਾਰਕ ਵਾਲੰਟੀਅਰ ਸਮੂਹਾਂ ਦਾ ਮਾਣ ਨਾਲ ਸਮਰਥਨ ਕਰਦੀ ਹੈ।

ਭਾਈਚਾਰਕ ਵਾਲੰਟੀਅਰ ਸਮੂਹ ਹੇਠਾਂ ਲਿਖੀਆਂ ਗਤੀਵਿਧੀਆਂ ਰਾਹੀਂ ਸਾਡੇ ਸਮੁੰਦਰੀ ਅਤੇ ਤਟਵਰਤੀ ਪਰਿਸਰਾਂ ਦਾ ਰੱਖ-ਰਖਾਵ ਕਰਨ ਵਿੱਚ ਮਦਦ ਕਰਦੇ ਹਨ:

- ਸਮੁੰਦਰੀ ਖੇਤਰਾਂ ਤੇ ਮੁੜ ਰੁੱਖ-ਬੂਟੇ ਲਾਉਣੇ
- ਫੱਟਿਆਂ ਵਾਲੇ ਤੁਰਨ ਦੇ ਰਸਤਿਆਂ ਦਾ ਨਿਰਮਾਣ ਕਰਨਾ
- ਵਾੜ ਲਗਾਉਣੀ
- ਤੁਰਨ ਵਾਲੇ ਰਾਹ ਬਣਾਉਣੇ
- ਕਿਨਾਰੇ ਤੇ ਰਹਿਣ ਵਾਲੇ ਦੇਸੀ ਪੰਛੀਆਂ ਅਤੇ ਜਾਨਵਰਾਂ ਤੇ ਨਜ਼ਰ ਰੱਖਣੀ
- ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨ ਵਾਲੇ ਸੈਸ਼ਨ ਦੇਣੇ
- ਪੌਦੇ ਲਗਾਉਣੇ
- ਤੱਟੀ ਖੇਤਰਾਂ ਵਿੱਚ ਬਾਗਬਾਨੀ ਕਰਨੀ
- ਸਭਿਆਚਾਰਕ ਸਥਾਨਾਂ ਦੀ ਸੁਰੱਖਿਆ ਕਰਨੀ।

ਸਾਡੇ ਸਮੁੰਦਰੀ ਤੱਟਾਂ 'ਤੇ ਹਮੇਸ਼ਾ ਸਮਰਪਿਤ ਵਾਲੰਟੀਅਰਾਂ ਦੀ ਲੋੜ ਰਹੇਗੀ, ਅਤੇ ਹਰੇਕ ਉਮਰ ਵਾਲੇ, ਹਰ ਤਰ੍ਹਾਂ ਦੀ ਰੁਚੀ ਰੱਖਣ ਵਾਲੇ ਅਤੇ ਹਰ ਤਰ੍ਹਾਂ ਦੀ ਸਮਰੱਥਾ ਵਾਲੇ ਲੋਕਾਂ ਲਈ ਭੂਮਿਕਾਵਾਂ ਉਪਲਬਧ ਹਨ।

ਕਿਸੇ ਭਾਈਚਾਰਕ ਸਮੂਹ ਨਾਲ ਜੁੜਨ ਲਈ ਜਾਂ ਸਾਡੇ ਸ਼ਾਨਦਾਰ ਸਮੁੰਦਰੀ ਅਤੇ ਤਟਵਰਤੀ ਪਰਿਸਰਾਂ ਬਾਰੇ ਜਾਨਣ ਲਈ, Coastcare ਫਸਿਲੀਟੇਟਰ ਨਾਲ ਸੰਪਰਕ ਕਰੋ।

## Coastcare ਫਸਿਲੀਟੇਟਰ

ਹੇਠਾਂ ਦੇ ਸੰਪਰਕ ਵੇਰਵੇ ਲਈ Coastcare ਦਾ ਪੇਜ਼ ਵੇਖੋ

- ਰਾਜ-ਵਿਆਪੀ ਕੋਆਰਡੀਨੇਟਰ
- Coastcare Port Phillip ਅਤੇ Westernport
- Coastcare Bellarine ਅਤੇ Surf Coast
- Coastcare Western Victoria
- Coastcare Gippsland

VICTORIA State Government | Environment, Land, Water and Planning

Coastcare Facebook ਵੇਖੋ।

## Summer by the Sea (ਸਮਰ ਬਾਏ ਦਿ ਸੀਅ)

Summer by the Sea ਪ੍ਰੋਗ੍ਰਾਮ ਲਈ 2 ਤੋਂ 28 ਜਨਵਰੀ ਵਿੱਚਕਾਰ ਵਿਕਟੋਰੀਆ ਦੇ ਸਮੁੰਦਰੀ ਤੱਟ 'ਤੇ 300 ਤੋਂ ਵੱਧ ਮੁਫਤ ਗਤੀਵਿਧੀਆਂ ਉਪਲਬਧ ਹੋਣਗੀਆਂ।

ਇਹ ਪ੍ਰੋਗ੍ਰਾਮ ਵਿਕਟੋਰੀਆ ਦੇ ਲੋਕਾਂ ਨੂੰ ਆਨੰਦ ਮਾਣਦੇ ਹੋਏ ਆਪਣੇ ਸਮੁੰਦਰੀ ਪਰਿਸਰ ਬਾਰੇ ਜਾਣਨ ਦਾ ਮੌਕਾ ਦਿੰਦਾ ਹੈ।

ਪ੍ਰੋਗ੍ਰਾਮ ਦੇ ਵੇਰਵੇ ਲਈ summerbythesea.vic.gov.au ਵੇਖੋ।

## Coastline

Coastline ਪੂਰੇ ਵਿਕਟੋਰੀਆ ਦੇ ਸਮੁੰਦਰੀ ਅਤੇ ਤਟਵਰਤੀ ਭਾਈਚਾਰੀਆਂ ਲਈ Coastcare ਦਾ ਮੁੱਖ ਪ੍ਰਕਾਸ਼ਨ ਹੈ। ਸਬਸਕ੍ਰਾਇਬ ਕਰੋ ਜਾਂ ਸਾਡੇ ਨਵੀਨ ਸੰਸਕਰਨ ਇੱਥੇ ਵੇਖੋ।

## Coastcare ਵਾਲੰਟੀਅਰ ਫੋਰਮ 2017

ਅਪ੍ਰੈਲ 2017 ਵਿੱਚ, Coastcare ਨੇ Phillip Island Nature Parks ਅਤੇ ਭਾਈਚਾਰਕ ਵਾਲੰਟੀਅਰਾਂ ਦੀ ਮਦਦ ਨਾਲ ਪੂਰੇ ਰਾਜ ਦੇ ਵਾਲੰਟੀਅਰਾਂ ਦਾ ਸੰਪਰਕ ਇੱਕ ਦੂਜੇ ਨਾਲ ਕਾਇਮ ਕਰਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਇੱਕ ਫੋਰਮ ਦਾ ਆਯੋਜਨ ਕੀਤਾ ਸੀ।

ਪੂਰੇ ਰਾਜ ਤੋਂ ਕਰੀਬ 90 ਉਤਸ਼ਾਹੀ ਲੋਕ, ਜੋ Coastcare, Landcare, 'Friends' ਸਮੂਹ ਅਤੇ ਕਈ ਹੋਰ ਸਮੂਹਾਂ ਸਮੇਤ 65 ਤੋਂ ਵੱਧ ਵਾਲੰਟੀਅਰ ਸਮੂਹਾਂ ਦੀ ਨੁਮਾਇੰਦਗੀ ਕਰ ਰਹੇ ਸਨ, ਅਪ੍ਰੈਲ 2017 ਦੇ ਅਖੀਰਲੇ ਸ਼ਨੀਵਾਰ-ਐਤਵਾਰ ਨੂੰ Coastcare ਵਾਲੰਟੀਅਰ ਫੋਰਮ ਲਈ Phillip Island ਤੇ ਇਕੱਠੇ ਹੋਏ।

ਸਾਡੇ ਸਮੁੰਦਰੀ ਤੱਟਾਂ ਉੱਤੇ ਹੋਣ ਵਾਲੇ ਅਦਭੁਤ ਕੰਮ ਬਾਰੇ ਜਾਨਣ ਲਈ ਆਯੋਜਿਤ ਖੇਤਰ ਦੇ ਦੌਰੇ ਨੇ ਉਮੀਦ ਅਤੇ ਜੋਸ਼ ਪੈਦਾ ਕੀਤਾ ਅਤੇ ਵਰਕਸ਼ਾਪ ਦੇ ਫਲਸਰੂਪ ਵਾਲੰਟੀਅਰਾਂ ਨੂੰ ਨਵੇਂ ਹੁਨਰ ਸਿੱਖਣ ਦਾ ਮੌਕਾ ਮਿਲਿਆ।

ਇਹ ਪ੍ਰੋਗ੍ਰਾਮ Coastcare ਦੇ ਕਰਮਚਾਰੀਆਂ ਦੁਆਰਾ ਮੁੱਖ ਸਥਾਨਕ ਵਾਲੰਟੀਅਰ Gayle Seddon ਅਤੇ Mike Cleeland ਦੇ ਨਾਲ ਭਾਈਵਾਲੀ ਵਿੱਚ ਤਿਆਰ ਕੀਤਾ ਗਿਆ ਸੀ।

Coastcare ਫੋਰਮ ਤੇ ਉਨ੍ਹਾਂ ਦੀ ਸ਼ਾਨਦਾਰ ਸਹਾਇਤਾ ਲਈ Phillip Island Nature Parks ਦਾ ਧੰਨਵਾਦ ਕਰਦਾ ਹੈ, ਕਰਮਚਾਰੀਆਂ ਅਤੇ ਸਥਾਨਕ ਵਾਲੰਟੀਅਰਾਂ ਦੇ ਜਤਨ ਫੋਰਮ ਦੀ ਕਾਮਯਾਬੀ ਦੇ ਆਧਾਰ ਸਨ।

ਅਸੀਂ 2019 ਵਿੱਚ ਨਵੇਂ Coastcare ਫੋਰਮ ਦੀ ਖੁਸ਼ੀ-ਖੁਸ਼ੀ ਉਡੀਕ ਕਰਦੇ ਹਾਂ।

ਫੋਰਮ ਵਿੱਚ ਸਾਂਝੇ ਕੀਤੇ ਵਸੀਲਿਆਂ ਲਈ Coastcare ਦਾ ਪੇਜ਼ ਵੇਖੋ। ਵਧੇਰੀ ਜਾਣਕਾਰੀ ਲਈ ਆਪਣੇ Coastcare ਫਸਿਲੀਟੇਟਰ ਨਾਲ ਸੰਪਰਕ ਕਰੋ।

- ਸੋਸ਼ਲ ਮੀਡੀਆ ਦੀ ਵਰਤੋਂ ਕਰਕੇ
- Tangaroa Blue ਫਾਊਂਡੇਸ਼ਨ
- ਸੋਸ਼ਲ ਮੀਡੀਆ ਤੇ ਪੋਸਟ ਕਰਨ ਨਾਲ ਸੰਬੰਧਿਤ ਕਾਰਜਨੀਤੀ
- ਸਮਾਰਟ ਫੋਨ ਨਾਲ ਮੈਪਿੰਗ
- ਗ੍ਰਾਂਟ ਲਈ ਅਰਜ਼ੀ ਪਾਉਣੀ
- CALD ਭਾਈਚਾਰਿਆਂ ਨੂੰ ਸ਼ਾਮਿਲ ਕਰਨਾ
- ਸੋਸ਼ਲ ਮੀਡੀਆ ਔਪਨ ਸਪੇਸ ਨੋਟਸ

- ਚਾਇਲਡ ਸੇਫ ਸਟੈਂਡਰਡਜ਼ ਔਪਨ ਸਪੇਸ ਨੋਟਸ
- ਕੋਸਟਲ ਐਜੁਕੇਸ਼ਨ ਔਪਨ ਸਪੇਸ ਨੋਟਸ
- ਡਾਗਸ ਆਨ ਬੀਚੀਸ ਔਪਨ ਸਪੇਸ ਨੋਟਸ

ਜੇਕਰ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਅਨੁਵਾਦ ਅਤੇ ਤਰਜਮੇ ਲਈ ਅਨੁਵਾਦ ਅਤੇ ਦੋਭਾਸ਼ੀਆ ਸੇਵਾ (Translating and Interpreting Service - TIS) ਨਾਲ ਸੰਪਰਕ ਕਰੋ।
TIS ਨੈਸ਼ਨਲ ਨਾਲ 131 450 ਤੇ ਸੰਪਰਕ ਕਰੋ (ਆਸਟ੍ਰੇਲੀਆ ਵਿੱਚ) ਜਾਂ www.tisnational.gov.au ਵੇਖੋ।